## ਤੁਹਾਡੇ ਬੱਚੇ ਨੂੰ ਟੈਸਟ ਵਾਸਤੇ ਤਿਆਰ ਕਰਨਾ

ਜਾਂਚ ਦੇ ਦੌਰਾਨ ਜੇ ਤੁਹਾਡਾ ਬੱਚਾ ਸੁੱਤਾ ਹੋਇਆ ਹੈ ਤਾਂ ਆਡੀਓਲੋਜਿਸਟ ਨੂੰ ਬਹੁਤ ਚੰਗੇ ਨਤੀਜੇ ਮਿਲਣਗੇ। ਤੁਸੀਂ ਮਦਦ ਕਰ ਸਕਦੇ ਹੋ:

- ਮੁਲਾਕਾਤ ਤੋਂ ਕੁਝ ਘੰਟੇ ਪਹਿਲੇ ਆਪਣੇ ਬੱਚੇ ਨੂੰ ਜਗਾਕੇ ਰੱਖੋ।
- ਬੱਚੇ ਨੂੰ ਖੁਰਾਕ ਟੈਸਟ ਸ਼ੁਰੂ ਹੋਣ ਤੋਂ ਥੋੜ੍ਹੀ ਦੇਰ ਪਹਿਲਾਂ ਦਿਓ।
- ਆਰਾਮ ਦੇਣ ਵਾਲਾ ਗਰਮ ਕੰਬਲ ਲੈਕੇ ਆਓ।
- ਆਪਣੇ ਪਰਸ ਵਿੱਚ ਇੱਕ ਫਾਲਤੂ ਅਗੋਛਾ (ਡਾਈਪਰ) ਰੱਖੋ।

## ਠੀਕ ਸਮੇਂ ’ਤੇ ਟੈਸਟ ਕਰਾਓ

ਆਡੀਓਲੋਜਿਸਟ ਵਾਸਤੇ ਟੈਸਟ ਕਰਨ ਦਾ ਸਭ ਤੋਂ ਠੀਕ ਸਮਾਂ ਤਦ ਹੁੰਦਾ ਹੈ ਜਦ ਬੱਚਾ ਦੋ ਮਹੀਨੇ ਦਾ ਹੋਵੇ। ਜੇ ਤੁਸੀਂ ਇਸਤੋਂ ਜਲਦੀ ਕਰਵਾਓਂਗੇ ਤਾਂ ਨਤੀਜੇ ਠੀਕ ਨਹੀਂ ਮਿਲਣਗੇ। ਤੁਹਾਨੂੰ ਠੀਕ ਸਮੇਂ ’ਤੇ ਸੰਪਰਕ ਕੀਤਾ ਜਾਵੇਗਾ ਤਾਂ ਕਿ ਨਤੀਜੇ ਠੀਕ ਮਿਲਣ।

## ਸੁਣਨ ਸ਼ਕਤੀ ਦੇ ਨੁਕਸਾਨ ਦੇ ਸੰਕੇਤਾਂ ਦਾ ਧਿਆਨ ਰੱਖੋ

ਆਪਣੇ ਬੱਚੇ ਦੀ ਬੋਲੀ ਅਤੇ ਭਾਸ਼ਾ ਉੱਤੇ ਖਾਸ ਧਿਆਨ ਦਿਓ, ਕਿਉਂਕਿ ਬੋਲੀ ਅਤੇ ਭਾਸ਼ਾ ਦੇ ਵਿਕਾਸ ਦੀ ਸਮੱਸਿਆ ਸੁਣਨ ਸ਼ਕਤੀ ਦੇ ਨੁਕਸਾਨ ਦਾ ਸੰਕੇਤ ਹੋ ਸਕਦਾ ਹੈ। ਇਸ ਛੋਟੀ ਕਿਤਾਬ ਵਿੱਚ ਦੱਸੇ ਵਿਕਾਸ ਦੇ ਮੀਲ ਪੱਥਰ ਤੁਹਾਡੀ ਇਹ ਸਮਝਣ ਵਿੱਚ ਮਦਦ ਕਰਨਗੇ ਕਿ ਤੁਸੀਂ ਕਿੰਨ੍ਹਾਂ ਚੀਜ਼ਾਂ ਦਾ ਧਿਆਨ ਰੱਖਣਾ ਹੈ।

## ਰੀਜ਼ੀਨਲ ਇਨਫੈਂਟ ਹੀਅਰਿੰਗ ਪ੍ਰੋਗਰਾਮਜ਼

ਓਨਟੈਰੀਓ ਦੀਆਂ ਇਨਫੈਂਟ ਹੀਅਰਿੰਗ ਪ੍ਰੋਗਰਾਮ (Infant Hearing Program) ਸੇਵਾਵਾਂ ਨੂੰ ਖੇਤਰੀ ਦਫਤਰਾਂ ਰਾਹੀਂ ਪ੍ਰਦਾਨ ਕੀਤਾ ਜਾਂਦਾ ਹੈ।

ਸੰਪਰਕ ਜਾਣਕਾਰੀ ਵਾਸਤੇ ਕਿਰਪਾ ਕਰਕੇ www.ontario.ca/infanthearing ਦੇਖੋ।

To order by phone:
1-800-668-9938
TTY: 1-800-268-7095

Or visit: www.serviceontario.ca/publications
Publication # 019582

Learn more: www.ontario.ca/children

Nov/2014 © Queen's Printer for Ontario

PUNJABI

ਰੀਜ਼ੀਨਲ ਇਨਫੈਂਟ ਹੀਅਰਿੰਗ ਪ੍ਰੋਗਰਾਮਜ਼
(Infant Hearing Program)



# ਤੁਹਾਡੇ ਬੱਚੇ ਨੂੰ ਸੁਣਨ ਸ਼ਕਤੀ ਜਾਂਚ ਦੀ ਲੋੜ ਹੈ

Ontario



## ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਦੀ ਜਾਂਚ ਦੇ ਬਾਅਦ ਨਤੀਜੇ ਵਿੱਚ ਰੈਫਰ ਮਿਲਿਆ ਹੈ

ਰੈਫਰ  ਨਤੀਜੇ ਦਾ ਮਤਲਬ ਹੈ ਕਿ ਤੁਹਾਡੇ ਬੱਚੇ  ਨੂੰ ਸੁਣਨ ਸ਼ਕਤੀ ਦੀ ਜਾਂਚ ਵਾਸਤੇ ਆਵਾਜ਼ ਵਿਸ਼ੇਸ਼ਕ (ਆਡਿਓਲੋਜਿਸਟ) ਦੀ ਲੋੜ ਹੈ। ਇਸਦਾ ਮਤਲਬ ਹਮੇਸ਼ਾ ਇਹ ਨਹੀਂ ਹੁੰਦਾ ਕਿ ਤੁਹਾਡਾ ਬੱਚਾ ਬਹਿਰਾ ਜਾਂ ਸੁਣਨ ਵਿੱਚ ਮੁਸ਼ਕਲ ਮਹਿਸੂਸ ਕਰਦਾ ਹੈ।

ਬਹੁਤ ਸਾਰੇ ਬੱਚੇ ਜਿਨ੍ਹਾਂ ਨੂੰ ਰੈਫਰ ਨਤੀਜਾ ਮਿਲਿਆ ਹੁੰਦਾ ਹੈ, ਉਹਨਾਂ ਦੀ ਸੁਣਨ ਸ਼ਕਤੀ ਠੀਕ ਹੁੰਦੀ ਹੈ। ਕਈ ਵਾਰੀ, ਇਸ ਰੈਫਰ ਨਤੀਜੇ ਦੀ ਵਜਹ ਕੰਨਾਂ ਵਿੱਚ ਫਸੀ ਮੈਲ਼ ਜਾਂ ਜਾਂਚ ਦੇ ਦੌਰਾਨ ਹਿੱਲਣਾ ਹੁੰਦੀ ਹੈ। ਆਡੀਓਲੋਜਿਸਟ ਰਾਹੀਂ ਕੀਤੀ ਗਈ ਜਾਂਚ ਹੀ ਇੱਕ ਰਸਤਾ ਹੈ ਜਿਸ ਨਾਲ ਇਸਦਾ ਪਤਾ ਲਗਾਇਆ ਜਾ ਸਕਦਾ ਹੈ। ਤੁਹਾਡਾ ਰੀਜੀਨਲ ਇਨਫੈਂਟ ਹੀਅਰਿੰਗ ਪ੍ਰੋਗਰਾਮ ਤੁਹਾਡੀ ਮੁਲਾਕਾਤ ਦਾ ਪ੍ਰਬੰਧ ਆਡੀਓਲੋਜਿਸਟ ਜਿਹੜਾ ਕਿ ਬੱਚਿਆਂ ਨੂੰ ਜਾਂਚਣ ਵਿੱਚ ਮਾਹਰ ਹੁੰਦਾ ਹੈ, ਨਾਲ ਕਰਵਾਏਗਾ।

ਜਾਂਚ ਰਾਹੀਂ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਬਾਰੇ ਜਿਹੜੀ ਜਾਣਕਾਰੀ ਪੱਕੇ ਤੌਰ ’ਤੇ ਮਿਲਦੀ ਹੈ, ਉਹ ਨਵੇਂ ਪੈਦਾ ਹੋਏ ਬੱਚੇ ਦੀ ਜਾਂਚ ਤੋਂ ਬਹੁਤ ਜ਼ਿਆਦਾ ਹੈ। ਇਸ ਵਿੱਚ ਬਹੁਤ ਸਮਾਂ ਲਗਦਾ ਹੈ ਅਤੇ ਤੁਹਾਨੂੰ ਇੱਕ ਤੋਂ ਜ਼ਿਆਦਾ ਵਾਰੀ ਜਾਣ ਦੀ ਲੋੜ ਪੈਂਦੀ ਹੈ।

## ਸੁਣਨ ਸ਼ਕਤੀ ਦੀ ਜਾਂਚ

ਆਡੀਓਲੋਜਿਸਟ ਬਹੁਤ ਸਾਰੇ ਟੈਸਟ ਕਰੇਗਾ। ਹਰ ਟੈਸਟ ਵਿੱਚ ਇੱਕ ਛੋਟਾ ਈਅਰਫੋਨ ਬੱਚੇ ਦੇ ਕੰਨ ’ਤੇ ਰੱਖਿਆ ਜਾਂਦਾ ਹੈ। ਇੱਕ ਟੈਸਟ ਈਅਰਡਰੰਮ ਦੀ ਹਿਲਜੁੱਲ ਨੂੰ ਮਾਪਦਾ ਹੈ। ਦੂਜਾ ਟੈਸਟ ਛੋਟੇ ਮਾਈਕਰੋਫੋਨ ਦੀ ਵਰਤੋਂ ਰਾਹੀਂ ਕੰਨ ਦੇ ਵਿੱਚੋਂ ਆਉਣ ਵਾਲੀ ਗੂੰਜ ਦਾ ਮੁਆਇਨਾ ਕਰਦਾ ਹੈ। ਸਭ ਤੋਂ ਜ਼ਰੂਰੀ ਟੈਸਟ ਬੱਚੇ ਦੇ ਆਵਾਜ਼ ਦੇ ਜਵਾਬ ਵਿੱਚ ਆਉਣ ਵਾਲੀਆਂ ਦਿਮਾਗ ਦੀਆਂ ਲਹਿਰਾਂ ਨੂੰ ਮਾਪਦਾ ਹੈ ਜਿਸ ਵਿੱਚ ਬੱਚੇ ਦੇ ਮੱਥੇ ਅਤੇ ਕੰਨਾਂ ਦੇ ਪਿੱਛੇ ਚਿਪਕਣ ਵਾਲੇ ਛੋਟੇ ਇਲੈਕਟਰੋਡ ਰੱਖੇ ਜਾਂਦੇ ਹਨ।

ਸੁਣਨ ਸ਼ਕਤੀ ਦੇ ਇਹ ਸਾਰੇ ਟੈਸਟ ਪੂਰੀ ਤਰ੍ਹਾਂ ਸੁਰੱਖਿਅਤ ਹਨ ਅਤੇ ਇਸ ਨਾਲ ਬੱਚੇ ਨੂੰ ਤਕਲੀਫ ਨਹੀਂ ਹੁੰਦੀ। ਬਹੁਤ ਸਾਰੇ ਬੱਚੇ ਸੌਂ ਜਾਂਦੇ ਹਨ ਅਤੇ ਇਸ ਨਾਲ ਪਰੇਸ਼ਾਨ ਨਹੀਂ ਹੁੰਦੇ। ਵਾਸਤਵ ਵਿੱਚ ਬੱਚੇ ਦੇ ਸੁੱਤਿਆਂ ਇਹ ਚੰਗੀ ਤਰ੍ਹਾਂ ਕੰਮ ਕਰਦੇ ਹਨ।

ਜਦ ਜਾਂਚ ਖਤਮ ਹੁੰਦੀ ਹੈ, ਤਾਂ ਆਡੀਓਲੋਜਿਸਟ ਤੁਹਾਡੇ ਨਾਲ ਨਤੀਜਿਆਂ ਬਾਰੇ ਗੱਲ ਕਰਦਾ ਹੈ। ਬਹੁਤ ਸਾਰੇ ਬੱਚਿਆਂ ਦੀ ਸੁਣਨ ਸ਼ਕਤੀ ਠੀਕ ਨਿਕਲਦੀ ਹੈ। ਜੇ ਤੁਹਾਡੇ ਬੱਚੇ ਦੀ ਸੁਣਨ ਸ਼ਕਤੀ ਠੀਕ ਨਹੀਂ ਹੁੰਦੀ ਤਾਂ ਆਡੀਓਲੋਜਿਸਟ ਤੁਹਾਨੂੰ ਅਤੇ ਤੁਹਾਡੇ ਬੱਚੇ ਦੀ ਮਦਦ ਵਾਸਤੇ ਉਪਲਬਧ ਹੋਣ ਵਾਲੀਆਂ ਸੇਵਾਵਾਂ ਅਤੇ ਮਦਦ ਵੱਲ ਭੇਜੇਗਾ।

## ਵਿਕਾਸਾਤਮਕ ਮੀਲ-ਪੱਥਰ

ਇਹ ਵਿਕਾਸਾਤਮਕ ਮੀਲ-ਪੱਥਰ ਉਹਨਾਂ ਕੁਝ ਹੁਨਰਾਂ ਨੂੰ ਦਰਸਾਉਂਦੇ ਹਨ ਜੋ ਛੋਟੇ ਬੱਚਿਆਂ ਵੱਲੋਂ ਬੋਲਣਾ ਸਿੱਖਣ ਦੌਰਾਨ ਕੀਤੀ ਤਰੱਕੀ ਦੀ ਨਿਸ਼ਾਨਦੇਹੀ ਕਰਦੇ ਹਨ। ਇੱਥੇ ਕੁਝ ਅਜਿਹੇ ਨੁਕਤੇ ਵੀ ਦਿੱਤੇ ਜਾ ਰਹੇ ਹਨ ਕਿ ਬੋਲਣ ਦੀ ਕਾਬਲੀਅਤ ਅਤੇ ਭਾਸ਼ਾ ਦਾ ਹੁਨਰ ਵਿਕਸਤ ਕਰਨ ਵਿੱਚ ਤੁਸੀਂ ਆਪਣੇ ਬੱਚੇ ਦੀ ਮਦਦ ਕਿਵੇਂ ਕਰ ਸਕਦੇ ਹੋ। ਜੇ ਤੁਹਾਡਾ ਬੱਚਾ ਇਹਨਾਂ ਵਿੱਚੋਂ ਇੱਕ ਜਾਂ ਵਧੇਰੇ ਮੀਲ-ਪੱਥਰਾਂ ਮੁਤਾਬਿਕ ਨਹੀਂ ਚੱਲ ਰਿਹਾ ਤਾਂ ਮਿਹਰਬਾਨੀ ਕਰਕੇ ਆਪਣੇ ਨੇੜੇ ਦੇ ਸਕੂਲ ਤੋਂ ਪਹਿਲਾਂ ਦੀ ਉਮਰ ਦੇ ਬੋਲ ਸਕਣ ਅਤੇ ਬੋਲੀ ਦੇ ਵਿਕਾਸ ਦੀ ਕਾਬਲੀਅਤ ਦੇ ਪ੍ਰੋਗਰਾਮ ਨਾਲ ਸੰਪਰਕ ਕਰੋ।





### 6 ਮਹੀਨੇ ਤੱਕ

- ਆਵਾਜ਼ ਪੈਦਾ ਹੋਣ ਦੇ ਵਸੀਲੇ ਵੱਲ ਮੂੰਹ ਮੋੜਦਾ ਹੈ
- ਅਚਾਨਕ, ਉੱਚੀ ਆਵਾਜ਼ ਹੋਣ 'ਤੇ ਚੌਂਕਦਾ ਹੈ
- ਅਲੱਗ-ਅਲੱਗ ਲੋੜਾਂ – ਮੈਂ ਭੁੱਖਾਂ ਹਾਂ, ਮੈਂ ਥੱਕ ਗਿਆ ਹਾਂ – ਲਈ ਅਲੱਗ-ਅਲੱਗ ਤਰ੍ਹਾਂ ਰੋਂਦਾ ਹੈ
- ਜਦੋਂ ਤੁਸੀਂ ਬੋਲਦੇ ਹੋ, ਤੁਹਾਡੇ ਮੂੰਹ ਵੱਲ ਵੇਖਦਾ ਹੈ
- ਤੁਹਾਡੀਆਂ ਮੁਸਕਰਾਹਟਾਂ ਅਤੇ ਹਾਸਿਆਂ ਦੇ ਜਵਾਬ ਵਿੱਚ ਮੁਸਕਰਾਉਂਦਾ ਅਤੇ ਹੱਸਦਾ ਹੈ
- ਖੰਘਣ ਅਤੇ ਹੋਰ ਆਵਾਜ਼ਾਂ ਦੀ ਨਕਲ ਕਰਦਾ ਹੈ – ਆਅ,ਐਅ, ਬੁਅਅਅ

### 9 ਮਹੀਨੇ ਤੱਕ

- ਆਪਣਾ ਨਾਮ ਕਹੇ ਜਾਣ ਦਾ ਜਵਾਬ ਦਿੰਦਾ ਹੈ
- ਟੈਲੀਫ਼ੋਨ ਦੀ ਘੰਟੀ ਵੱਜਣ ਜਾਂ ਦਰਵਾਜ਼ੇ 'ਤੇ ਦਸਤਕ ਹੋਣ ਦਾ ਅਸਰ ਮੰਨਦਾ ਹੈ
- "ਨਾਂਹ" ਕਹੇ ਜਾਣ ਦਾ ਅਰਥ ਸਮਝਦਾ ਹੈ
- ਆਵਾਜ਼ਾਂ ਅਤੇ ਇਸ਼ਾਰਿਆਂ ਨਾਲ ਜਿਸ ਚੀਜ਼ ਨੂੰ ਦਿਲ ਕਰੇ, ਮੰਗਦਾ ਅਤੇ ਹਾਸਲ ਕਰਦਾ ਹੈ, ਜਿਵੇਂ ਗੋਦੀ ਚੜ੍ਹਨ ਲਈ ਬਾਹਾਂ ਚੁੱਕਦਾ ਹੈ
- ਤੁਹਾਡੇ ਨਾਲ ਸਮਾਜਕ ਖੇਡਾਂ ਖੇਡਦਾ ਹੈ, ਜਿਵੇਂ ਲੁਕਣ-ਮੀਟੀ
- ਲੋਕਾਂ ਵਿੱਚ ਵਿਚਰਨਾ ਪਸੰਦ ਕਰਦਾ ਹੈ
- ਤੁਤਲਾਂਦਾ ਅਤੇ ਆਵਾਜ਼ਾਂ ਦੁਹਰਾਉਂਦਾ ਹੈ – ਬਾਬਾਬਾਬਾ, ਦਾਦਾਦਾਦਾ

### 12 ਮਹੀਨੇ ਤੱਕ

- ਇੱਕ-ਪੜਾਵੀ ਸਾਦੀਆਂ ਹਿਦਾਇਤਾਂ ਦੀ ਪਾਲਣਾ ਕਰਦਾ ਹੈ – "ਬੈਠ ਜਾਓ"
- ਤੁਹਾਡੇ ਵੱਲੋਂ ਇਸ਼ਾਰਾ ਕੀਤੇ ਜਾਣ 'ਤੇ ਕਮਰੇ ਦੇ ਦੂਜੇ ਪਾਸੇ ਵੱਲ ਵੇਖਦਾ ਹੈ
- ਤਿੰਨ ਜਾਂ ਵਧੇਰੇ ਲਫ਼ਜ਼ ਵਰਤਦਾ ਹੈ
- ਇਸ਼ਾਰਿਆਂ ਨਾਲ ਗੱਲਬਾਤ ਕਰਦਾ ਹੈ – ਹੱਥ ਹਿਲਾਕੇ "ਬਾਏ-ਬਾਏ", ਸਿਰ ਫੇਰ ਕੇ "ਨਾਂਹ"
- ਤੁਹਾਡੀਆਂ ਅੱਖਾਂ ਵੱਲ ਵੇਖਦਿਆਂ ਆਵਾਜ਼ਾਂ, ਇਸ਼ਾਰੇ ਅਤੇ ਉਂਗਲਾਂ ਚੁੱਕ ਕੇ ਤੁਹਾਡਾ ਧਿਆਨ ਖਿੱਚਦਾ ਹੈ
- ਤੁਹਾਨੂੰ ਵਿਖਾਉਣ ਲਈ ਖਿਡੌਣੇ ਲਿਆਉਂਦਾ ਹੈ
- ਧਿਆਨ ਅਤੇ ਪ੍ਰਸ਼ੰਸਾ ਲਈ "ਤਮਾਸ਼ੇ" ਕਰਦਾ ਹੈ
- ਕਈ ਸਾਰੀਆਂ ਆਵਾਜ਼ਾਂ ਨੂੰ ਇਉਂ ਜੋੜਦਾ ਹੈ ਜਿਵੇਂ ਗੱਲ ਕਰ ਰਿਹਾ ਹੋਵੇ – ਅਬਾਡਾ ਬਾਡੂਹ ਐਬੀਅ
- ਤਸਵੀਰਾਂ ਵਾਲੀਆਂ ਸਾਦੀਆਂ ਕਿਤਾਬਾਂ ਵਿੱਚ ਦਿਲਚਸਪੀ ਲੈਂਦਾ ਹੈ

### 18 ਮਹੀਨੇ ਤੱਕ

- "ਅੰਦਰ ਅਤੇ ਬਾਹਰ", "ਬੰਦ ਅਤੇ ਚੱਲਦਾ" ਦੇ ਸੰਕਲਪ ਸਮਝਦਾ ਹੈ
- ਕਹੇ ਜਾਣ 'ਤੇ ਸਰੀਰ ਦੇ ਕਈ ਹਿੱਸਿਆਂ ਵੱਲ ਇਸ਼ਾਰਾ ਕਰਦਾ ਹੈ
- ਘੱਟੋ-ਘੱਟ 20 ਲਫ਼ਜ਼ ਵਰਤਦਾ ਹੈ
- ਸਾਦੇ ਸਵਾਲਾਂ – "ਟੈਡੀ ਕਿੱਥੇ ਐ?", "ਆਹ ਕੀ ਐ" – ਦਾ ਜਵਾਬ ਲਫ਼ਜ਼ਾਂ ਜਾਂ ਇਸ਼ਾਰਿਆਂ ਨਾਲ ਦਿੰਦਾ ਹੈ
- ਖਿਡੌਣਿਆਂ ਨਾਲ ਝੂਠੀ-ਮੂਠੀ ਦੀ ਕੁਝ ਖੇਡ ਖੇਡਦਾ ਹੈ- ਟੈਡੀ ਨੂੰ ਪੀਣ ਨੂੰ ਕੁਝ ਦਿੰਦਾ ਹੈ
- ਘੱਟੋ-ਘੱਟ ਚਾਰ ਵੱਖੋ-ਵੱਖਰੀਆਂ ਵਿਅੰਜਨਾਤਮਕ ਆਵਾਜ਼ਾਂ ਕੱਢਦਾ ਹੈ – ਬ, ਨ, ਡ, ਜ, ਵ, ਹ
- ਪੜ੍ਹ ਕੇ ਸੁਣਾਏ ਜਾਣ 'ਤੇ, ਅਤੇ ਤੁਹਾਡੇ ਨਾਲ ਮਿਲਕੇ ਸਾਦੀਆਂ ਕਿਤਾਬਾਂ ਵੇਖਣੀਆਂ ਪਸੰਦ ਕਰਦਾ ਹੈ
- ਇੱਕ ਹੀ ਉਂਗਲ ਨਾਲ ਤਸਵੀਰਾਂ ਵੱਲ ਇਸ਼ਾਰਾ ਕਰਦਾ ਹੈ

### 24 ਮਹੀਨੇ ਤੱਕ

- ਦੋ ਪੜਾਵੀ ਹਿਦਾਇਤਾਂ ਮੰਨਦਾ ਹੈ – "ਜਾਹ ਆਪਣਾ ਟੈਡੀ ਬੀਅਰ ਲੱਭ ਤੇ ਦਾਦੀ ਨੂੰ ਦਿਖਾ"
- 100 ਜਾਂ ਵਧੇਰੇ ਲਫ਼ਜ਼ ਵਰਤਦਾ ਹੈ
- ਘੱਟੋ-ਘੱਟ ਦੋ ਪੜਨਾਂਵ ਵਰਤਦਾ ਹੈ – "ਤੁਸੀਂ", "ਮੈਂ", "ਮੇਰਾ"
- ਦੋ ਤੋਂ ਚਾਰ ਲਫ਼ਜ਼ਾਂ ਨੂੰ ਛੋਟੇ ਵਾਕੰਸ਼ਾਂ ਵਿੱਚ ਵਾਰ-ਵਾਰ ਜੋੜਦਾ ਹੈ – "ਡੈਡੀ ਟੋਪੀ", "ਟਰੱਕ ਚਲੇ ਗਿਆ"
- ਹੋਰ ਬੱਚਿਆਂ ਨਾਲ ਖੁਸ਼ ਰਹਿੰਦਾ ਹੈ
- ਹਾਣੀਆਂ ਨੂੰ ਖਿਡੌਣੇ ਦੇਣ ਲੱਗਦਾ ਹੈ ਅਤੇ ਹੋਰ ਬੱਚਿਆਂ ਦੀਆਂ ਹਰਕਤਾਂ ਅਤੇ ਲਫ਼ਜ਼ਾਂ ਦੀ ਨਕਲ ਲਾਉਂਦਾ ਹੈ
- ਉਸਦੀਆਂ 50 ਤੋਂ 60 ਫੀਸਦੀ ਗੱਲਾਂ ਲੋਕਾਂ ਦੀ ਸਮਝ ਵਿੱਚ ਆਉਂਦੀਆਂ ਹਨ
- ਆਰਾਮ ਨਾਲ, ਬਿਨਾਂ ਕਿਸੇ ਔਖਿਆਈ ਦੇ ਲਫਜ਼ ਅਤੇ ਆਵਾਜ਼ਾਂ ਸਿਰਜ ਲੈਂਦਾ ਹੈ
- ਕਿਤਾਬਾਂ ਸਿੱਧੀਆਂ ਫੜ੍ਹਦਾ ਹੈ ਅਤੇ ਪੰਨੇ ਪਲਟਦਾ ਹੈ
- ਜਾਨਵਰ-ਰੂਪੀ ਖਿਡੌਣਿਆਂ ਜਾਂ ਬਾਕੀ ਖਿਡੌਣਿਆਂ ਨੂੰ "ਪੜ੍ਹ" ਕੇ ਸੁਣਾਉਂਦਾ ਹੈ
- ਰੰਗਾਂ ਨਾਲ ਝਰੀਟਾਂ ਮਾਰਦਾ ਹੈ

### 30 ਮਹੀਨੇ ਤੱਕ

- ਆਕਾਰ (ਵੱਡਾ/ਛੋਟਾ), ਅਤੇ ਮਿਕਦਾਰ (ਥੋੜ੍ਹਾ ਜਿਹਾ, ਬਹੁਤ, ਜ਼ਿਆਦਾ) ਦੇ ਸੰਕਲਪ ਨੂੰ ਸਮਝਦਾ ਹੈ
- ਕੁਝ ਕੁ ਬਾਲਗ ਵਿਆਕਰਨ ਦੀ ਵਰਤੋਂ ਕਰਦਾ ਹੈ – "ਦੋ ਸੇਬ", "ਪੰਛੀ ਉੱਡ ਰਿਹਾ", "ਮੈਂ ਛਾਲ ਮਾਰੀ"
- 350 ਤੋਂ ਵਧੇਰੇ ਲਫ਼ਜ਼ ਵਰਤਦਾ ਹੈ
- ਕਾਰਵਾਈ ਵਾਲੇ ਲਫ਼ਜ਼ ਵਰਤਦਾ ਹੈ- ਦੌੜ, ਡੁੱਲ੍ਹ ਗਿਆ, ਡਿੱਗਿਆ
- ਖਿਡੌਣੇ ਅਤੇ ਲਫ਼ਜ਼ ਵਰਤਦਿਆਂ ਦੂਜੇ ਬੱਚਿਆਂ ਨਾਲ ਛੋਟੀ-ਛੋਟੀ ਵਾਰੀ ਲੈਣ ਲੱਗਦਾ ਹੈ
- ਜੇ ਕੋਈ ਹੋਰ ਬੱਚਾ ਸੱਟ ਖਾ ਬੈਠੇ ਜਾਂ ਉਦਾਸ ਲੱਗੇ ਤਾਂ ਫਿਕਰ ਜਤਾਉਂਦਾ ਹੈ
- ਖੇਡ ਵਿੱਚ ਕਈ ਕਾਰਵਾਈਆਂ ਜੋੜਦਾ ਹੈ – ਗੁੱਡੀ ਨੂੰ ਖਾਣਾ ਖੁਆ ਕੇ ਸੁਆਉਂਦਾ ਹੈ; ਖਿਡੌਣਾ ਰੇਲ ਗੱਡੀ ਵਿੱਚ ਸਮਾਨ ਲੱਦ ਕੇ ਫਿਰ ਰੇਲ ਚਲਾਉਂਦਾ ਹੈ ਅਤੇ ਸਮਾਨ ਲਾਹ ਕੇ ਆਉਂਦਾ ਹੈ
- ਬਹੁਤੇ ਲਫ਼ਜ਼ਾਂ ਦੇ ਮੁੱਢ ਵਿੱਚ ਆਵਾਜ਼ਾਂ ਪਾਉਂਦਾ ਹੈ
- ਜੋ ਜਾਂ ਵਧੇਰੇ ਉਚਾਰ-ਖੰਡਾਂ ਵਾਲੇ ਲਫ਼ਜ਼ ਸਿਰਜਦਾ ਹੈ – "ਬੈ-ਨਾ-ਨਾ", "ਕੰ-ਪਿ-ਊ-ਟ-ਰ", "ਐ-ਪਲ"
- ਜਾਣੇ-ਪਛਾਣੇ ਲੋਗੋ ਅਤੇ ਚਿੰਨ੍ਹਾਂ ਨੂੰ ਪਛਾਣਦਾ ਹੈ – ਰੁਕਣ ਦਾ ਚਿੰਨ੍ਹ
- ਸੁਣੀਆਂ ਹੋਈਆਂ ਕਹਾਣੀਆਂ ਯਾਦ ਰੱਖਦਾ ਅਤੇ ਸਮਝਦਾ ਹੈ

### ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ

- ਉਹਨਾਂ ਦੇ ਕੱਦ ਬਰਾਬਰ ਆ ਜਾਂਦੇ ਹੋ ਤਾਂ ਕਿ ਉਹ ਤੁਹਾਡਾ ਮੂੰਹ ਵੇਖ ਸਕਣ। ਇਸ ਨਾਲ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਤੁਸੀਂ ਉਹਨਾਂ ਦੇ ਕੰਮਾਂ ਅਤੇ ਗੱਲਾਂ ਵਿੱਚ ਦਿਲਚਸਪੀ ਲੈਂਦੇ ਹੋ। ਇਸ ਨਾਲ ਉਹਨਾਂ ਲਈ ਤੁਹਾਡੇ ਨਾਲ ਗੱਲ ਕਰਨੀ ਸੌਖੀ ਹੋ ਜਾਂਦੀ ਹੈ।
- ਉਹਨਾ ਵੱਲੋਂ ਪੈਦਾ ਕੀਤੀਆਂ ਆਵਾਜ਼ਾਂ ਦੁਹਰਾਓ। ਬੱਚੇ ਆਵਾਜ਼ਾਂ ਕੱਢਣੀਆਂ ਪਸੰਦ ਕਰਦੇ ਹਨ ਅਤੇ ਜਦੋਂ ਤੁਸੀਂ ਉਹਨਾਂ ਆਵਾਜ਼ਾਂ ਦੀ ਨਕਲ ਵਾਰ-ਵਾਰ ਕਰਦੇ ਹੋ,ਤਾਂ ਉਹ ਇਸਨੂੰ ਪਸੰਦ ਕਰਦੇ ਹਨ
- ਗਾਓ ਅਤੇ ਹੱਸੋ, ਖਾਸ ਕਰਕੇ ਜਦੋਂ ਤੁਸੀਂ ਉਸਨੂੰ ਖਾਣਾ ਖੁਆ ਰਹੇ, ਨਹਾ ਰਹੇ ਹੋਵੋਂ, ਅਤੇ ਉਹਨਾਂ ਦੇ ਕੱਪੜੇ ਬਦਲ ਰਹੇ ਹੋਵੋਂ। ਆਪਣੇ ਬੱਚੇ ਨਾਲ ਆਪਣੇ ਵੱਲੋਂ ਦਿਨ ਭਰ ਕੀਤੀਆਂ ਜਾਣ ਵਾਲੀਆਂ ਅਤੇ ਵੇਖਣ ਵਾਲੀਆਂ ਗੱਲਾਂ ਬਾਰੇ ਗੱਲ ਕਰਨਾ ਯਾਦ ਰੱਖੋ – "ਮੰਮੀ ਆਪਣਾ ਕੋਟ ਪਾ ਰਹੀ ਹੈ", "ਆਹ ਬੜਾ ਵੱਡਾ ਟਰੱਕ ਹੈ!"
- ਜਿਹੜੀਆਂ ਚੀਜ਼ਾਂ ਵੱਲ ਉਹ ਵੇਖ ਰਹੇ ਹੋਣ ਜਾਂ ਜਿੰਨ੍ਹਾਂ ਨਾਲ ਉਹ ਖੇਡ ਰਹੇ ਹੋਣ, ਉਹਨਾਂ ਨੂੰ ਉਹਨਾਂ ਦੇ ਨਾਮ ਦੱਸੋ। ਬੱਚੇ ਖੋਜਬੀਨ ਕਰਨਾ ਅਤੇ ਨਵੀਆਂ ਚੀਜ਼ਾਂ ਬਾਰੇ ਸਿੱਖਣਾ ਪਸੰਦ ਕਰਦੇ ਹਨ, ਅਤੇ ਇਹ ਪਤਾ ਲਾਉਣਾ ਪਸੰਦ ਕਰਦੇ ਹਨ ਕਿ ਉਹਨਾਂ ਵਸਤੂਆਂ ਦੇ ਨਾਮ ਕੀ ਹਨ

### ਰਿੜ੍ਹਨ ਵਾਲੇ ਬੱਚੇ ਪਸੰਦ ਕਰਦੇ ਹਨ ਜਦੋਂ ਤੁਸੀਂ:

- ਉਹਨਾਂ ਨੂੰ ਕਿਤਾਬਾਂ ਛੂਹਣ ਅਤੇ ਫੜ੍ਹਨ ਦਿੰਦੇ ਹੋ ਜਦੋਂ ਤੁਸੀਂ ਤਸਵੀਰਾਂ ਵੱਲ ਇਸ਼ਾਰੇ ਕਰਦੇ ਅਤੇ ਉਹਨਾਂ ਦੇ ਨਾਮ ਦੱਸਦੇ ਹੋ
- ਤੋਤਲੀ ਜ਼ੁਬਾਨ ਦੀ ਬਜਾਏ ਅਸਲ ਸ਼ਬਦਾਂ ਦੀ ਵਰਤੋਂ ਕਰਦੇ ਹੋ – ਟਾ-ਟਾ ਦੀ ਬਜਾਏ "ਮੈਨੂੰ ਦੇ ਦਿਓ" ਜਾਂ ਵਾਵਾ ਦੀ ਬਜਾਏ "ਵਾਟਰ"।
- ਉਹਨਾਂ ਦੀ ਗੱਲ ਸੁਣਨ ਲਈ ਸਮਾਂ ਕੱਢਦੇ ਹੋ – ਉਹ ਚਾਹੁੰਦੇ ਹਨ ਕਿ ਤੁਸੀਂ ਉਹਨਾਂ ਦੀਆਂ ਸਾਰੀਆਂ ਨਵੀਆਂ ਆਵਾਜ਼ਾਂ, ਲਫ਼ਜ਼ ਅਤੇ ਵਿਚਾਰ ਸੁਣੋਂ।
- ਮੰਨਣ ਲਈ ਉਹਨਾਂ ਨੂੰ ਸਾਦੀਆਂ ਹਦਾਇਤਾਂ ਦਿੰਦੇ ਹੋ – "ਜਾਹ ਆਪਣੀ ਲਾਲ ਜੁੱਤੀ ਲੱਭ ਕੇ ਲਿਆ"।
- ਉਹਨਾਂ ਨਾਲ ਗੱਲ ਕਰਨ ਲੱਗੇ ਬੜੇ ਵੱਖੋ-ਵੱਖਰੇ ਲਫ਼ਜ਼ ਬੋਲਦੇ ਹੋ
- ਉਲਟੇ ਲਫਜ਼ ਜਿਵੇਂ ਉੱਪਰ/ਥੱਲੇ, ਅੰਦਰ/ਬਾਹਰ, ਕਾਰਵਾਈ ਵਾਲੇ ਲਫ਼ਜ਼ ਜਿਵੇਂ "ਦੌੜਨਾ", "ਛਲਕਾਉਣਾ", ਅਤੇ ਵੇਰਵੇਵਾਰ ਲਫ਼ਜ਼ ਜਿਵੇਂ "ਖੁਸ਼", "ਵੱਡਾ", "ਛੋਟਾ", "ਸਾਫ਼","ਗੰਦਾ"।
- ਉਹਨਾਂ ਨੂੰ ਹੋਰਨਾਂ ਬੱਚਿਆਂ ਨਾਲ ਖੇਡਣ ਲਈ ਉਤਸ਼ਾਹਤ ਕਰੋ – ਲਾਇਬਰੇਰੀ, ਖੇਡਣ ਦੇ ਗਰੁੱਪਾਂ ਅਤੇ ਪਾਰਕ ਵਿੱਚ।